Human Resources and Skills Development Canada | Ressources humaines et Développement des compétences Canada

ਹੁਣ ਅਤੇ ਕੱਲ੍ਹ

ਉੱਤਮਤਾ ਹਰ ਕੰਮ ਵਿੱਚ ਜੋ ਅਸੀਂ ਕਰਦੇ ਹਾਂ

# ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ: ਆਪਣੇ ਬੱਚੇ ਦੀ ਸਿੱਖਿਆ ਬੱਚਤਾਂ ਲਈ ਵਿਉਂਤ ਬਣਾਉ

**CANLEARN.CA / CIBLETUDES.CA**

Canada

## ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ

ਕੀ ਤੁਸੀਂ ਸੋਚਦੇ ਹੋ ਕਿ ਤੁਹਾਡਾ ਬੱਚਾ ਹਾਈ ਸਕੂਲ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਰੱਖੇਗਾ? ਕਨੇਡਾ ਸਰਕਾਰ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਨਾਲ ਤੁਹਾਡੇ ਬੱਚੇ ਦੇ ਭਵਿੱਖ ਲਈ ਬੱਚਤ ਕਰਨ ਵਿੱਚ ਮਦਦ ਕਰ ਸਕਦੀ ਹੈ।

## ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਕੀ ਹੈ?

ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ [Registered Education Savings Plan (RESP) / Régime enregistré d'épargne-études (REEE)] ਕਨੇਡਾ ਸਰਕਾਰ ਨਾਲ ਰਜਿਸਟਰ ਸਿੱਖਿਆ ਬੱਚਤ ਖਾਤਾ ਹੈ। ਇਹ ਤੁਹਾਡੀ, ਤੁਹਾਡੇ ਪਰਿਵਾਰ ਜਾਂ ਮਿਤਰਾਂ ਦੀ ਤੁਹਾਡੇ ਬੱਚੇ ਦੀ ਹਾਈ ਸਕੂਲ ਉਪਰੰਤ ਪੜ੍ਹਾਈ ਲਈ ਅੱਡ ਧਨ ਰੱਖਣ ਵਿੱਚ ਮਦਦ ਕਰਦਾ ਹੈ।

ਤੁਸੀਂ ਕਿਸੀ ਆਰਥਿਕ ਸੰਸਥਾ, ਜਿਵੇਂ ਕਿ ਬੈਂਕ, ਕਰੈਡਿਟ ਯੂਨੀਅਨ ਜਾਂ ਪ੍ਰਮਾਣਿਤ ਆਰਥਿਕ ਆਯੋਜਕ ਜਾਂ ਸੰਸਥਾ ਯੋਜਨਾ ਵਪਾਰੀ ਦੇ ਨਾਲ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖੋਲ ਸਕਦੇ ਹੋ। ਇਹ ਸੰਸਥਾਵਾਂ, ਆਯੋਜਕ ਅਤੇ ਵਪਾਰੀ "ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ [RESP provider / fournisseur de REEE]" ਦੇ ਨਾਂ ਨਾਲ ਜਾਣੇ ਜਾਂਦੇ ਹਨ।

## ਮੈਨੂੰ ਆਪਣੇ ਬੱਚੇ ਦੀ ਸਿੱਖਿਆ ਲਈ ਕਿਉਂ ਬੱਚਤ ਕਰਨੀ ਚਾਹੀਦੀ ਹੈ?

ਬੱਚਤ ਕਰਨ ਨਾਲ ਫ਼ਾਇਦਾ ਹੁੰਦਾ ਹੈ**!** ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਨਾਲ ਤੁਸੀਂ ਆਪਣੇ ਬੱਚੇ ਦੇ ਸੁਪਨਿਆਂ ਨੂੰ ਸੱਚ ਵਿੱਚ ਬਦਲ ਸਕਦੇ ਹੋ। ਕੇਵਲ ਇੱਕ ਡਾਲਰ ਹਰ ਰੋਜ਼ ਬਚਾਉਣਾ ਫ਼ਰਕ ਪਾ ਸਕਦਾ ਹੈ।

ਤੁਹਾਡੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਦੇ ਯੋਗਦਾਨਾਂ ਤੋਂ ਇਲਾਵਾ, ਤੁਸੀਂ ਇਨ੍ਹਾਂ ਨੂੰ ਪ੍ਰਾਪਤ ਕਰ ਸਕਦੇ ਹੋ:

- ਕਨੇਡਾ ਲਰਨਿੰਗ ਬਾਂਡ ਅਤੇ/ਜਾਂ
- ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ

## ਕਨੇਡਾ ਲਰਨਿੰਗ ਬਾਂਡ ਕੀ ਹੈ?

ਕਨੇਡਾ ਲਰਨਿੰਗ ਬਾਂਡ [Canada Learning Bond / Bon d'études canadien] ਤੁਹਾਡੇ ਬੱਚੇ ਦੀ ਹਾਈ ਸਕੂਲ ਮਗਰੋਂ ਪੜ੍ਹਾਈ ਲਈ ਹੁਣ ਬੱਚਤ ਸ਼ੁਰੂ ਕਰਨ ਲਈ ਕਨੇਡਾ ਸਰਕਾਰ ਵੱਲੋਂ ਦਿੱਤੇ ਜਾਣ ਵਾਲੇ **$500** ਹਨ। ਨਾਲੇ, ਤੁਹਾਡਾ ਬੱਚਾ ਹਰ ਸਾਲ $100 ਜਦੋਂ ਤਕ ਉਹ ੧੫ ਸਾਲਾਂ ਦਾ ਹੋ ਜਾਵੇ ਵੱਧ ਤੋਂ ਵੱਧ $੨,੦੦੦ ਤਕ ਪ੍ਰਾਪਤ ਕਰ ਸਕਦਾ ਹੈ।

ਤੁਹਾਡਾ ਬੱਚਾ ਕਨੇਡਾ ਲਰਨਿੰਗ ਬਾਂਡ ਦਾ ਪਾਤਰ ਹੈ ਜੇ:

- ਉਹ ਦਿਸੰਬਰ ੩੧, ੨੦੦੩ ਤੋਂ ਬਾਅਦ ਪੈਦਾ ਹੋਇਆ; ਅਤੇ
- ਤੁਹਾਨੂੰ ਕਨੇਡਾ ਚਾਈਲਡ ਟੈਕਸ ਬੈਨੀਫ਼ਿਟ ਦੇ ਅਧੀਨ [Canada Child Tax Benefit / Prestation fiscale canadienne pour enfants] (ਜਿਸ ਨੂੰ ਫੈਮਲੀ ਅਲਾਊਂਸ ਵੀ ਕਿਹਾ ਜਾਂਦਾ ਹੈ [family allowance / allocation familiale]) ਨੈਸ਼ਨਲ ਚਾਈਲਡ ਬੈਨੀਫ਼ਿਟ ਸਪਲੀਮੈਂਟ ਮਿਲਦਾ ਹੈ [National Child Benefit Supplement / Supplément de la Prestation nationale pour enfants]।

## ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਕੀ ਹੁੰਦੀ ਹੈ?

ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ [Canada Education Savings Grant / subvention canadienne pour l'épargne-études] ਉਹ ਪੈਸਾ ਹੈ ਜਿਹੜਾ ਕਨੇਡਾ ਸਰਕਾਰ ਤੁਹਾਡੀਆਂ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਬੱਚਤਾਂ ਨਾਲ ਜੋੜੇਗੀ। ਇਸ ਗ੍ਰਾਂਟ ਦੇ ਦੋ ਭਾਗ ਹਨ:

1. **ਮੂਲ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ** [Basic Canada Education Savings Grant / Subvention canadienne pour l'épargne-études de base]

   ਤੁਹਾਡਾ ਪਰਿਵਾਰ ਭਾਵੇਂ ਜਿੰਨਾ ਵੀ ਪੈਸਾ ਕਮਾਉਂਦਾ ਹੈ, ਮੂਲ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਤੁਹਾਨੂੰ ਹਰ ਸਾਲ ਆਪਣੇ ਬੱਚੇ ਦੀ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਲਈ ਬਚਾਏ ਪਹਿਲੇ $੨੫੦੦ ਉੱਤੇ ਹਰ ਡਾਲਰ ਦਾ ੨੦% ਦੇਵੇਗੀ।

   ਇਸ ਦਾ ਮਤਲਬ ਹੈ ਕਿ ਹਰ $੧੦ ਜੋ ਤੁਸੀਂ ਆਪਣੇ ਬੱਚੇ ਦੀ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿੱਚ ਬਚਾਉਂਦੇ ਹੋ, ਸਰਕਾਰ $੨ ਜੋੜ ਦੇਵੇਗੀ।

2. **ਵਧੀਕ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ**
   [Additional Canada Education Savings Grant / Subvention canadienne pour l'épargne-études supplémentaire]

   ਤੁਹਾਡੀ ਅਸਲ ਪਰਿਵਾਰਕ ਆਮਦਨ ਤੇ ਨਿਰਭਰ, ਤੁਸੀਂ ਹਰ ਸਾਲ ਆਪਣੇ ਬੱਚੇ ਦੀ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿੱਚ ਪਹਿਲੇ $੫੦੦ ਦੇ ਹਰ ਡਾਲਰ ਉੱਤੇ ੧੦% ਜਾਂ ੨੦% ਵਾਧੂ ਪ੍ਰਾਪਤ ਕਰ ਸਕਦੇ ਹੋ।

   ਇਸ ਦਾ ਅਰਥ ਹੈ ਕਿ ਹਰ $੧੦ ਜੋ ਤੁਸੀਂ ਆਪਣੇ ਬੱਚੇ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਵਿਚ ਬਚਾਉਂਦੇ ਹੋ, ਸਰਕਾਰ $1 ਜਾਂ $2 ਵਾਧੂ ਜੋੜ ਦਿਉਗੀ।

   ਇਸ ਗ੍ਰਾਂਟ ਦੇ ਦੋਵੇਂ ਭਾਗਾਂ ਲਈ ਅਰਜ਼ੀ ਦੇਣਾ ਨਿਸ਼ਚਿਤ ਕਰੋ।

*ਕਨੇਡਾ ਲਰਨਿੰਗ ਬਾਂਡ ਅਤੇ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਕੇਵਲ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖਾਤੇ ਵਿੱਚ ਹੀ ਜਮਾਂ ਕਰਵਾਏ ਜਾ ਸਕਦੇ ਹਨ।*

## ਆਪਣੇ ਲਈ ਠੀਕ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਚੁਣਨਾ

ਤਿੰਨ ਕਿਸਮ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨਾਂ ਹਨ:

- **ਪਰਿਵਾਰਕ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨਾਂ** [Family RESPs / REEE familial]: ਤੁਸੀਂ ਤੁਹਾਡੇ ਨਾਲ ਖ਼ੂਨ ਜਾਂ ਗੋਦੀ ਲੈਣ ਕਾਰਨ ਸੰਬੰਧਤ ਇੱਕ ਜਾਂ ਵੱਧ ਬੱਚਿਆਂ ਲਈ ਪੈਸਾ ਜਮਾਂ ਕਰ ਸਕਦੇ ਹੋ। ਤੁਸੀਂ ਇੱਕ ਪਰਿਵਾਰਕ ਆਰਈਐਸਪੀ ਦਾ ਪ੍ਰਯੋਗ ਕਰਕੇ ਉਨ੍ਹਾਂ ਸਭ ਦੇ ਲਈ ਬਚਾ ਸਕਦੇ ਹੋ।

- **ਵਿਅਕਤੀਗਤ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨਾਂ** [Individual RESP / REEE individuel]: ਤੁਸੀਂ ਇੱਕ ਵਿਅਕਤੀਗਤ ਆਰਈਐਸਪੀ ਖੋਲ ਕੇ ਇੱਕ ਬੱਚੇ, ਭਾਵੇਂ ਉਹ ਤੁਹਾਡਾ ਰਿਸ਼ਤੇਦਾਰ ਹੈ ਜਾਂ ਨਹੀਂ, ਲਈ ਬੱਚਤ ਕਰ ਸਕਦੇ ਹੋ।

- **ਗਰੁਪ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨਾਂ** [Group RESP / REEE collectif]**:** ਤੁਹਾਡੀਆਂ ਬੱਚਤਾਂ ਦੂਜੇ ਲੋਕਾਂ ਦੀਆਂ ਨਾਲ ਜੋੜੀਆਂ ਜਾਂਦੀਆਂ ਹਨ ਅਤੇ ਜਦੋਂ ਸਕੂਲ ਲਈ ਭੁਗਤਾਉਣ ਦਾ ਸਮਾਂ ਆਉਂਦਾ ਹੈ ਤਾਂ ਕਮਾਈਆਂ ਸਾਂਝੀਆਂ ਕੀਤੀਆਂ ਜਾਂਦੀਆਂ ਹਨ। ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਦੀ ਮਿਆਦ ਦੇ ਪੂਰੇ ਸਮੇਂ ਦੌਰਾਨ ਆਮ ਤੌਰ ਤੇ ਬਾਕਾਇਦਾ ਭੁਗਤਾਨਾਂ ਦੀ ਜਰੂਰਤ ਹੁੰਦੀ ਹੈ, ਐਪਰ ਹਰ ਪਲਾਨ ਦੇ ਆਪਣੇ ਨਿਯਮ ਹੁੰਦੇ ਹਨ।

*ਇਹ ਜ਼ਰੂਰੀ ਹੈ ਕਿ ਤੁਸੀਂ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਚੁਣਨ ਤੋਂ ਪਹਿਲਾਂ ਪੂਰਾ ਸਮਾਂ ਲਉ ਅਤੇ ਦਸਤਖ਼ਤ ਕਰਨ ਤੋਂ ਪਹਿਲਾਂ ਇਕਰਾਰਨਾਮੇ ਨੂੰ ਧਿਆਨ ਨਾਲ ਪੜ੍ਹੋ।*

ਆਪਣੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਦੇ ਪ੍ਰਦਾਤਾ ਨੂੰ ਇਨ੍ਹਾਂ ਬਾਰੇ ਪੁੱਛੋ:

- ਆਪਣੀਆਂ ਨਿਵੇਸ਼ ਪਸੰਦਾਂ (ਬੱਚਤ ਖਾਤਾ, ਬਾਂਡ, ਗਾਰੰਟੀਡ ਇਨਵੈਸਟਮੈਂਟ ਸਰਟੀਫ਼ਿਕੇਟ [GIC/CPG], ਮਿਉਚੁਅਲ ਫ਼ੰਡ ਜਾਂ ਸਟਾਕ)
- ਹਰ ਚੋਣ ਦੇ ਫ਼ਾਇਦੇ ਅਤੇ ਖ਼ਤਰੇ ਦੇ ਪੱਖ, ਕਿਉਂਕਿ ਕੁਝ ਨਿਵੇਸ਼ ਉਤਪਾਦ ਦੂਜਿਆਂ ਨਾਲੋਂ ਜ਼ਿਆਦਾ ਖ਼ਤਰੇ ਵਾਲੇ ਹੋ ਸਕਦੇ ਹਨ;
- ਪ੍ਰਬੰਧਨ ਫ਼ੀਸ; ਅਤੇ
- ਜੇ ਤੁਸੀਂ ਬਾਕਾਇਦਾ ਭੁਗਤਾਨ ਨਾ ਕਰੋ ਜਾਂ ਜੇ ਤੁਸੀਂ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਨੂੰ ਬੰਦ ਕਰ ਦੇਵੋ ਤਾਂ ਜਿਹੜੇ ਜੁਰਮਾਨੇ ਲਾਗੂ ਹੋ ਸਕਦੇ ਹਨ।

## ਮੈਂ ਕਿਵੇਂ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਖੋਲਾਂ ਅਤੇ ਕਨੇਡਾ ਸਰਕਾਰ ਦੀਆਂ ਗ੍ਰਾਂਟਾਂ ਪ੍ਰਾਪਤ ਕਰਾਂ?

ਚਰਨ ੧ – ਆਪਣੇ ਬੱਚੇ ਲਈ **ਸੋਸ਼ਲ ਇੰਨਸ਼ੋਰੈਂਸ ਨੰਬਰ** ਪ੍ਰਾਪਤ ਕਰੋ (**ਐਸਆਈਐਨ**) [Social Insurance Number (SIN) / Numéro d'assurance sociale (NAS) ਇਹ ਮੁਫ਼ਤ ਹੈ। ਵਧੇਰੇ ਜਾਣਕਾਰੀ ਲਈ 1 800 O-Canada (1-800-622-6232) **ਤੇ** ਫ਼ੋਨ ਕਰੋ ਆਪਣੇ ਨੇੜੇ ਦੇ ਸਰਵਿਸ ਕਨੇਡਾ ਸੈਂਟਰ [Service Canada Centre / Centre service Canada] ਤੇ ਜਾਉ।

ਚਰਨ ੨ – ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ **ਖੋਲਣ** ਲਈ ਆਪਣੀ ਪਸੰਦ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ ਨੂੰ ਮਿਲੋ।

ਆਪਣੀਆਂ ਲੋੜਾਂ ਨਾਲ ਸਭ ਤੋਂ ਵੱਧ ਮੇਲ਼ ਖਾਂਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਅਤੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਦੇ ਪ੍ਰਦਾਤਾ ਨੂੰ ਚੁਣੋ ਅਤੇ ਪੁੱਛੋ:

- ਕੀ ਉਹ ਕਨੇਡਾ ਲਰਨਿੰਗ ਬਾਂਡ ਅਤੇ ਵਧੀਕ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਪੇਸ਼ ਕਰਦੇ ਹਨ;
- ਉਹ ਕਿਸ ਪ੍ਰਕਾਰ ਦੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪੇਸ਼ ਕਰਦੇ ਹਨ (ਪਰਿਵਾਰਕ, ਵਿਅਕਤੀਗਤ ਜਾਂ ਸੰਸਥਾ) ਅਤੇ ਹਰ ਇੱਕ ਦੇ ਫ਼ਾਇਦੇ ਅਤੇ ਖ਼ਤਰੇ ਦੇ ਪੱਖ;
- ਕਿਹੜੇ ਨਿਵੇਸ਼ ਉਤਪਾਦ ਉਹ ਪੇਸ਼ ਕਰਦੇ ਹਨ ਅਤੇ ਹਰ ਇੱਕ ਦੇ ਫ਼ਾਇਦੇ ਅਤੇ ਖ਼ਤਰੇ ਦੇ ਪੱਖ; ਅਤੇ
- ਉਹਨਾਂ ਦੀਆਂ ਪ੍ਰਬੰਧ ਫੀਸਾਂ ਅਤੇ ਜੁਰਮਾਨੇ ਕੀ ਹਨ।

ਪ੍ਰਸ਼ਨ ਜਿਹੜੇ ਤੁਹਾਨੂੰ ਆਪਣੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ ਕੋਲੋਂ ਪੁੱਛਣੇ ਚਾਹੀਦੇ ਹਨ, ਉਨ੍ਹਾਂ ਦੀ ਸੂਚੀ ਪ੍ਰਾਪਤ ਕਰਨ ਲਈ CanLearn.ca (ਅੰਗ੍ਰੇਜ਼ੀ) ਜਾਂ Cibletudes.ca (ਫ਼੍ਰਾਂਸੀਸੀ) ਤੇ ਜਾਉ।

**ਚਰਨ ੩** - ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਸ਼ੁਰੂ ਕਰੋ ਅਤੇ ਆਪਣੇ ਰਜਿਸਟ੍ਰਡ ਐਜੂਕੇਸ਼ਨ ਸੇਵਿੰਗਜ਼ ਪਲਾਨ ਪ੍ਰਦਾਤਾ ਦੀ ਮਦਦ ਨਾਲ ਮੂਲ ਅਤੇ ਵਧੀਕ ਕਨੇਡਾ ਐਜੂਕੇਸ਼ਨ ਸੇਵਿੰਗਜ਼ ਗ੍ਰਾਂਟ ਅਤੇ ਕਨੇਡਾ ਲਰਨਿੰਗ ਬਾਂਡ ਅਰਜ਼ੀ ਫਾਰਮ ਭਰੋ।

## ਮੈਂ ਸਹਾਇਤਾ ਜਾਂ ਹੋਰ ਜਾਣਕਾਰੀ ਕਿਥੋਂ ਲੈ ਸਕਦਾ ਹਾਂ?

(ਕੇਵਲ ਅੰਗ੍ਰੇਜ਼ੀ ਜਾਂ ਫ੍ਰਾਂਸੀਸੀ)

1 800 O-Canada (1-800-622-6232) ਤੇ ਫੋਨ ਕਰੋ
ਟੀਟੀਵਾਈ: 1-800-926-9105

CanLearn.ca (ਅੰਗ੍ਰੇਜ਼ੀ) ਜਾਂ Cibletudes.ca (ਫ੍ਰਾਂਸੀਸੀ) ਤੇ ਜਾਓ

ਤੁਹਾਡੇ ਨਜ਼ਦੀਕ ਦੇ ਸਰਵਿਸ ਕਨੇਡਾ ਸੈਂਟਰ ਨੂੰ ਮਿਲੋ [Service Canada Centre / Centre service Canada]

## ਸੇਵਾਵਾਂ ਅੰਗ੍ਰੇਜ਼ੀ ਅਤੇ ਫ਼੍ਰਾਂਸੀਸੀ ਵਿੱਚ ਉਪਲਬਧ

ਤੁਸੀਂ ਇਸ ਪਤੇ ਤੇ ਸੰਪਰਕ ਕਰਕੇ ਇਹ ਪ੍ਰਕਾਸ਼ਨ ਮੰਗਵਾ ਸਕਦੇ ਹੋ:

**ਪਬਲਿਸ਼ਿੰਗ ਸਰਵਿਸਜ਼**
**ਹਿਊਮਨ ਰਿਸੋਰਸਜ਼ ਐਂਡ ਸਕਿਲਜ਼ ਡਵਲਪਮੈਂਟ ਕਨੇਡਾ**
**Publishing Services / Services des publications**
**Human Resources and Skills Development Canada / Ressources humaines et Développement des compétences Canada**
140 Promenade du Portage
Portage IV, 12th Floor
Gatineau, Québec
K1A 0J9

ਫ਼ੈਕਸ: 819-953-7260

ਆੱਨਲਾਈਨ: http://www12.hrsdc.gc.ca (ਅੰਗ੍ਰੇਜ਼ੀ) ਜਾਂ http://www12.rhdcc.gc.ca (ਫ਼੍ਰਾਂਸੀਸੀ)

ਇਹ ਦਸਤਾਵੇਜ਼ ਬਦਲਵੇਂ ਫਾਰਮੈਟਾਂ ਵਿੱਚ (ਵੱਡਾ ਛਾਪਾ, ਬਰੇਲ ਲਿਖਤ, ਆਡੀਉ ਕਸੈਟ, ਈ-ਟੈਕਸਟ ਡਿਸਕੈਟ, ਈ-ਟੈਕਸਟ ਸੀਡੀ, ਜਾਂ DAISY), 1 800 O-Canada (1-800-622-6232) ਨੂੰ ਸੰਪਰਕ ਕਰਕੇ ਮੰਗਣ ਉੱਤੇ ਉਪਲਬਧ ਹੈ। ਜੇ ਤੁਸੀਂ ਟੈਲੀਟਾਈਪਰਾਈਟਰ [TTY/ATS] ਇਸਤੇਮਾਲ ਕਰਦੇ ਹੋ, 1-800-926-9105 ਉੱਤੇ ਫ਼ੋਨ ਕਰੋ

© ਹਰ ਮੈਜਸਟੀ ਦੀ ਕੁਈਨ ਇਨ ਰਾਈਟ ਆੱਫ਼ ਕਨੇਡਾ, 2011